Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in ਮੁਹੱਲਾ ਅਹਮਦਿੱਯਾ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)


# ਤਵੱਕੁਲ ਅਲੱਲਾਹ੍ ਦੇ ਹਵਾਲੇ ਨਾਲ ਹਜ਼ਰਤ ਅਕ਼ਦਸ ਮਸੀਹ੍ ਮੌਊਦ੍ ਅਲੈਹਿਸ੍ ਸਲਾਮ੍ ਦਾ ਪਾਕੀਜ਼ਾ ਨਮੂਨਾ।

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ੍-ਮਸੀਹ੍ ਅਲ੍-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 25 ਸਿਤੰਬਰ 2026 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ إِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ غَيْرِ الْمَغْضُوْبِ عَلَيْهِمْ وَلَا الضَّآلِّيْنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ: ਪਿਛਲੇ ਕੁੱਝ ਖ਼ੁਤਬਿਆਂ ਵਿੱਚ ਮੈਂ ਆਂਹਜ਼ਰਤ ਸਲ੍ ਲੱਲਾਹੁ ਅਲੈਹਿ ਵਸੱਲਮ੍ ਦੀ ਸੀਰਤ ਦੇ ਬਿਆਨ ਵਿੱਚ **ਤਵੱਕੁਲ** (ਵਿਸ਼ਵਾਸ) ਦੇ ਉੱਚੇ ਤਰੀਨ ਮੁਕ਼ਾਮ ਨੂੰ ਬਿਆਨ ਕਰਦਾ ਰਿਹਾ ਹਾਂ।

ਇਸ ਜ਼ਮਾਨੇ ਵਿੱਚ ਆਪ ﷺ ਦੇ ਗ਼ੁਲਾਮਿ ਸਾਦਿਕ਼ ਨੇ ਆਪ ﷺ ਦੇ ਉਸਵੇ ਦੇ ਮੁਤਾਬਿਕ਼ ਉਸ ਨੂੰ ਕਿਸ ਤਰ੍ਹਾਂ ਸਾਡੇ ਲਈ ਬਿਆਨ ਕੀਤਾ, ਕੀ ਸਿੱਖਿਆ ਦਿੱਤੀ ਅਤੇ ਉਸ ਉੱਤੇ ਕੀ ਅਮਲ ਕੀਤਾ, ਇਸ ਹਵਾਲੇ ਨਾਲ ਅੱਜ ਕੁੱਝ ਕਹਾਂਗਾ।

ਹਜ਼ਰਤ ਅਕ਼ਦਸ ਮਸੀਹ੍ ਮੌਊਦ੍ ਅਲੈਹਿਸ੍ ਸਲਾਮ੍ ਫ਼ਰਮਾਉਂਦੇ ਹਨ ਕਿ **ਤਵੱਕੁਲ** (ਵਿਸ਼ਵਾਸ) ਇਹੀ ਹੈ ਕਿ ਸਾਧਨ, ਜਿਹੜੇ ਅੱਲਾਹ ਤਆਲਾ ਨੇ ਕਿਸੇ ਕੰਮ ਨੂੰ ਕਰਨ ਲਈ ਮੁਕ਼ੱਰਰ ਕੀਤੇ ਹੋਏ ਹਨ, ਉਨ੍ਹਾਂ ਨੂੰ ਜਿੱਥੇ ਤੱਕ ਹੋ ਸਕੇ ਜਮ੍ਹਾ ਕਰੋ ਅਤੇ ਫਿਰ ਖ਼ੁਦ ਦੁਆਵਾਂ ਵਿੱਚ ਲੱਗ ਜਾਓ ਕਿ ਐ ਖ਼ੁਦਾ! ਤੂੰ ਹੀ ਇਸ ਦਾ ਅੰਜਾਮ ਬ-ਖ਼ੈਰ ਕਰ। ਹਜ਼ਾਰਾਂ **ਆਫ਼ਤਾਂ** ਹਨ ਅਤੇ ਹਜ਼ਾਰਾਂ **ਮੁਸੀਬਤਾਂ** ਹਨ ਜਿਹੜੀਆਂ ਇਨ੍ਹਾਂ ਸਾਧਨਾਂ ਨੂੰ ਵੀ ਬਰਬਾਦ ਅਤੇ ਤਹਿਸ ਨਹਿਸ ਕਰ ਸਕਦੀਆਂ ਹਨ, ਉਨ੍ਹਾਂ (ਮੁਸੀਬਤਾਂ) ਦੇ ਕ਼ਬਜ਼ੇ ਤੋਂ ਬਚਾ ਕੇ ਸਾਨੂੰ ਸੱਚੀ ਕਾਮਯਾਬੀ ਅਤੇ ਮੰਜ਼ਿਲ 'ਤੇ ਪਹੁੰਚਾ।

ਹਜ਼ੂਰ ਅਨਵਰ ਨੇ ਵਿਆਖਿਆ ਕੀਤੀ ਕਿ ਸਾਧਨ ਆਦਮੀ ਇਸਤੇਮਾਲ ਕਰਦਾ ਹੈ ਪਰ ਬਹੁਤ ਸਾਰੀਆਂ ਮੁਸੀਬਤਾਂ ਅਜਿਹੀਆਂ ਹਨ, ਅਜਿਹੇ ਮੌਕ਼ੇ ਪੈਦਾ ਹੋ ਸਕਦੇ ਹਨ, ਜਿੱਥੇ ਉਹ ਸਾਧਨ, ਜਿਨ੍ਹਾਂ 'ਤੇ ਨਿਰਭਰ ਹੁੰਦਾ ਹੈ, **ਤਬਾਹ** ਹੋ ਜਾਂਦੇ ਹਨ। ਇਸ ਲਈ ਅੱਲਾਹ ਤਆਲਾ ਕੋਲੋਂ ਦੁਆ ਮੰਗਣੀ ਚਾਹੀਦੀ ਹੈ ਕਿ ਅੱਲਾਹ ਤਆਲਾ ਸਾਨੂੰ ਇਨ੍ਹਾਂ ਦੇ ਬੁਰੇ ਅਸਰ ਤੋਂ ਬਚਾਵੇ। ਇਹ ਉਹ ਹਾਲਤ ਹੈ, ਜਿਸ 'ਤੇ ਚੱਲ ਕੇ ਇੱਕ ਮੋਮਿਨ ਅੱਲਾਹ ਤਆਲਾ ਦੇ ਫ਼ਜ਼ਲਾਂ ਨੂੰ ਹਾਸਿਲ ਕਰਨ ਵਾਲਾ ਬਣ ਸਕਦਾ ਹੈ।

ਹਜ਼ਰਤ ਅਕ਼ਦਸ ਮਸੀਹ੍ ਮੌਊਦ੍ ਅਲੈਹਿਸ੍ ਸਲਾਮ੍ ਫ਼ਰਮਾਉਂਦੇ ਹਨ ਕਿ ਅੱਲਾਹ ਤਆਲਾ ਤੋਂ ਰਾਜ਼ੀ ਹੋ ਜਾਣਾ ਹਰ ਸ਼ਖ਼ਸ ਦਾ ਕੰਮ ਨਹੀਂ ਬਲਕਿ ਇਹ **ਤਵੱਕੁਲ ਤਬੱਤੁਲ** ਯਾਨੀ ਖ਼ੁਦਾ ਦੇ ਵੱਲ ਪੂਰੀ ਤਵੱਜੋ ਅਤੇ ਰਜ਼ਾ ਅਤੇ ਤਸਲੀਮ ਦਾ ਉੱਚਾ ਮੁਕ਼ਾਮ ਹੈ ਜਿੱਥੇ ਪਹੁੰਚ ਕੇ ਇਨਸਾਨ ਨੂੰ ਕਿਸੇ ਕ਼ਿਸਮ ਦਾ ਸ਼ਿਕਵਾ ਅਤੇ ਸ਼ਿਕਾਇਤ ਆਪਣੇ ਮੌਲਾ ਨਾਲ ਨਹੀਂ ਰਹਿੰਦੀ ਅਤੇ ਅੱਲਾਹ ਤਆਲਾ ਦਾ ਆਪਣੇ ਬੰਦੇ ਤੋਂ ਰਾਜ਼ੀ ਹੋ ਜਾਣਾ ਇਹ ਨਿਰਭਰ ਹੈ ਬੰਦੇ ਦੇ ਕਮਾਲ ਸਿਦਕ਼ ਅਤੇ ਵਫ਼ਾਦਾਰੀ ਅਤੇ ਉੱਚੇ ਦਰਜੇ ਦੀ ਪਵਿੱਤਰਤਾ ਅਤੇ ਪਾਕੀਜ਼ਗੀ ਅਤੇ ਕਮਾਲ ਅਤਾਅਤ (ਆਗਿਆਕਾਰੀ) 'ਤੇ, ਜਿਹਦੇ ਤੋਂ ਪਤਾ ਲੱਗਦਾ ਹੈ ਕਿ ਸਹਾਬਾ ਨੇ ਮਅਰਿਫ਼ਤ ਅਤੇ ਸੁਲੂਕ ਦੇ ਸਾਰੇ ਦਰਜੇ ਤੈ ਕੇ ਲਏ ਸਨ ਅਤੇ ਸਹਾਬਾ ਨੇ ਅੱਲਾਹ

ਤਆਲਾ ਨਾਲ ਼ **ਤਅੱਲੁਕ਼** ਅਤੇ **ਤਵੱਕੁਲ** (ਵਿਸ਼ਵਾਸ) ਦਾ ਉਹ ਮੁਕ਼ਾਮ ਪਾਇਆ ਜਿਸ ਨੂੰ ਸਾਡੇ ਲਈ ਉਸਵਾ ਬਣਾਇਆ ਗਿਆ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਆਪਣੇ ਮੰਨਣ ਵਾਲਿਆਂ ਨੂੰ ਆਪ عليه السلام **ਤਵੱਕੁਲ** (ਵਿਸ਼ਵਾਸ) ਦੀ ਨਸੀਹਤ ਮੌਕ਼ੇ ਮੁਤਾਬਿਕ਼ ਕਰਦੇ ਰਹਿੰਦੇ ਸਨ। ਇੱਕ ਰਿਵਾਇਤ ਵਿੱਚ ਆਉਂਦਾ ਹੈ ਹਜ਼ਰਤ ਕਿ ਮਾਸਟਰ ਨਜ਼ੀਰ ਹੁਸੈਨ ਰਜ਼ਿਯੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਹਜ਼ਰਤ ਅਕ਼ਦਸ ਮਸੀਹ੍ ਮੌਊਦ੍ ਅਲੈਹਿਸ੍ ਸਲਾਮ੍ ਨੇ ਫ਼ਰਮਾਇਆ ਕਿ ਇਹ ਨਾ ਸਮਝੋ ਕਿ ਅੱਲਾਹ ਤਆਲਾ **ਕਮਜ਼ੋਰ** ਹੈ, ਉਹ ਬੜੀ ਤਾਕ਼ਤ ਵਾਲਾ ਹੈ, ਜਦ ਉਸ ਉੱਤੇ ਕਿਸੇ ਮੁਆਮਲੇ ਵਿੱਚ ਭਰੋਸਾ ਕਰੋਗੇ ਤਾਂ ਉਹ ਜ਼ਰੂਰ ਤੁਹਾਡੀ ਮਦਦ ਕਰੇਗਾ ਜਿਵੇਂ ਕਿ ਉਹ ਖ਼ੁਦ ਫ਼ਰਮਾਉਂਦਾ ਹੈ وَمَنۡ يَّتَوَكَّلۡ عَلَى اللّٰهِ فَهُوَ حَسۡبُهٗ ਅਤੇ ਜੋ ਕੋਈ ਅੱਲਾਹ ‘ਤੇ **ਤਵੱਕੁਲ** (ਵਿਸ਼ਵਾਸ) ਕਰਦਾ ਹੈ ਤਾਂ ਅੱਲਾਹ ਉਸ ਦੇ ਲਈ ਕਾਫ਼ੀ ਹੈ।

ਨੇਕ ਲੋਕਾਂ ਦੀਆਂ ਸਿਫ਼ਤਾਂ ਬਿਆਨ ਕਰਦੇ ਹੋਏ ਹਜ਼ਰਤ ਅਕ਼ਦਸ ਮਸੀਹ੍ ਮੌਊਦ੍ ਅਲੈਹਿਸ੍ ਸਲਾਮ੍ ਫ਼ਰਮਾਉਂਦੇ ਹਨ ਕਿ ਇੱਕ ਮੁਕ਼ਾਮ, **ਤਵੱਕੁਲ** (ਵਿਸ਼ਵਾਸ) ਕਾ ਮੁਕ਼ਾਮ ਹੈ, ਜਿਸ ਉੱਤੇ ਨਿਹਾਇਤ ਮਜ਼ਬੂਤੀ ਨਾਲ ਼ ਉਨ੍ਹਾਂ ਨੂੰ ਕ਼ਾਇਮ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਤੋਂ ਇਲਾਵਾ ਕਿਸੇ ਗ਼ੈਰ ਨੂੰ ਉਹ ਸਾਫ਼ ਚਸ਼ਮਾ ਹਰਗਿਜ਼ ਮੁਯੱਸਰ ਨਹੀਂ ਆ ਸਕਦਾ ਬਲਕਿ ਉਨ੍ਹਾਂ ਦੇ ਲਈ ਹੀ ਉਹ **ਖ਼ੁਸ਼ਗਵਾਰ** ਅਤੇ **ਅਨੁਕੂਲ** ਕੀਤਾ ਜਾਂਦਾ ਹੈ ਅਤੇ ਮਅਰਿਫ਼ਤ ਦਾ ਨੂਰ ਅਜਿਹਾ ਉਨ੍ਹਾਂ ਨੂੰ ਥੰਮੇ ਰੱਖਦਾ ਹੈ ਕਿ ਕਈ ਵਾਰ ਤਰ੍ਹਾਂ ਤਰ੍ਹਾਂ ਦੀ ਕੰਗਾਲੀ ਵਿੱਚ ਹੋ ਕੇ ਅਤੇ ਜ਼ਹਿਰੀ ਸਾਧਨਾਂ ਤੋਂ ਆਪਣੇ ਆਪ ਨੂੰ ਪੂਰੀ ਤਰ੍ਹਾਂ ਦੂਰ ਪਾ ਕੇ ਫਿਰ ਵੀ ਅਜਿਹੇ ਖਿੜੇ ਮੱਥੇ ਜ਼ਿੰਦਗੀ ਬਸਰ ਕਰਦੇ ਹਨ ਅਤੇ ਅਜਿਹੀ ਖ਼ੁਸ਼ਹਾਲੀ ਨਾਲ ਼ ਆਪਣੇ ਦਿਨ ਕੱਟਦੇ ਹਨ ਕਿ ਜਿਵੇਂ ਉਨ੍ਹਾਂ ਦੇ ਕੋਲ ਼ ਹਜ਼ਾਰਾਂ ਖ਼ਜ਼ਾਨੇ ਹੋਣ। ਉਨ੍ਹਾਂ ਦੇ ਚਿਹਰਿਆਂ ਉੱਤੇ **ਤਵੰਗਰੀ** ਯਾਨੀ ਦੌਲਤਮੰਦੀ ਦੀ ਤਾਜ਼ਗੀ ਨਜ਼ਰ ਆਉਂਦੀ ਹੈ ਅਤੇ ਦੌਲਤਮੰਦ ਹੋਣ ਦੇ ਮਿਜ਼ਾਜ ਦਿਖਾਈ ਦਿੰਦੇ ਹਨ ਅਤੇ ਤੰਗੀਆਂ ਦੀ ਹਾਲਤ ਵਿੱਚ ਕਮਾਲ ਖੁੱਲ੍ਹ ਦਿਲੀ ਅਤੇ ਪੂਰਨ ਵਿਸ਼ਵਾਸ ਆਪਣੇ ਮੌਲਾ ਕਰੀਮ ਉੱਤੇ ਰੱਖਦੇ ਹਨ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਅੱਲਾਹ ਤਆਲਾ ਨਾਲ ਼ ਤਅੱਲੁਕ਼ ਹੈ ਤਾਂ **ਤੰਗੀਆਂ** ਅਤੇ **ਤਕਲੀਫ਼ਾਂ** ਵਿੱਚ ਵੀ ਅੱਲਾਹ ਤਆਲਾ ਉੱਤੇ ਭਰੋਸਾ ਰੱਖਦੇ ਹਨ, ਉਸ ਕੋਲੋਂ ਦੂਰ ਨਹੀਂ ਜਾਂਦੇ। ਇਹ ਨਹੀਂ ਉਨ੍ਹਾਂ ਨੂੰ ਖ਼ਿਆਲ ਆਉਂਦਾ ਕਿ ਪਤਾ ਨਹੀਂ ਕੀ ਹੈ, ਕੀ ਨਹੀਂ, ਆਜ਼ਮਾਇਸ਼ ਹੈ, ਇਮਤਿਹਾਨ ਹੈ ਜਾਂ ਸਜ਼ਾ ਹੈ। ਜੇਕਰ ਕਾਮਿਲ ਤਵੱਕੁਲ (ਪੂਰਨ ਵਿਸ਼ਵਾਸ) ਅੱਲਾਹ ਤਆਲਾ ਉੱਤੇ ਹੈ, ਅੱਲਾਹ ਤਆਲਾ ਦੇ ਹੱਕ਼ ਅਦਾ ਕਰ ਰਹੇ ਹਨ, ਤਾਂ ਫਿਰ ਬੇ-ਸ਼ੱਕ ਅੱਲਾਹ ਤਆਲਾ ਫ਼ਜ਼ਲਾਂ ਨਾਲ ਼ ਨਵਾਜ਼ਦਾ ਹੈ।

ਆਪ عليه السلام ਫ਼ਰਮਾਉਂਦੇ ਹਨ ਕਿ **ਤਵੱਕੁਲ** (ਵਿਸ਼ਵਾਸ) ਕਰਨ ਵਾਲੇ ਼ ਅਤੇ ਖ਼ੁਦਾ ਵੱਲ ਝੁਕਣ ਵਾਲੇ ਼ ਕਦੀ ਬਰਬਾਦ ਨਹੀਂ ਹੁੰਦੇ। ਜਿਹੜਾ ਆਦਮੀ ਸਿਰਫ਼ ਆਪਣੀਆਂ ਕੋਸ਼ਿਸ਼ਾਂ ਵਿੱਚ ਰਹਿੰਦਾ ਹੈ ਉਸ ਨੂੰ ਸਿਵਾਏ **ਜ਼ਿੱਲਤ** ਦੇ ਹੋਰ ਕੀ ਹਾਸਿਲ ਹੋ ਸਕਦਾ ਹੈ। ਜਦ ਤੋਂ ਦੁਨੀਆ ਪੈਦਾ ਹੋਈ ਹੈ ਹਮੇਸ਼ਾ ਤੋਂ ਅੱਲਾਹ ਦੀ ਸੁੰਨਤ ਇਹੀ ਚਲੀ ਆਉਂਦੀ ਹੈ ਕਿ ਜਿਹੜੇ ਲੋਕ ਦੁਨੀਆ ਨੂੰ ਛੱਡਦੇ ਹਨ ਉਹ ਉਸ ਨੂੰ ਪਾ ਲੈਂਦੇ ਹਨ ਅਤੇ ਜਿਹੜੇ ਉਸ ਦੇ ਪਿੱਛੇ ਦੌੜਦੇ ਹਨ ਉਹ ਉਸ ਤੋਂ ਵਾਂਝੇ ਰਹਿ ਜਾਂਦੇ ਹਨ। ਜਿਹੜੇ ਲੋਕ ਖ਼ੁਦਾ ਤਆਲਾ ਦੇ ਨਾਲ ਼ ਤਅੱਲੁਕ਼ ਨਹੀਂ ਰੱਖਦੇ ਉਹ ਜੇਕਰ ਕੁੱਝ ਦਿਨ ਧੋਖਾ ਧੜੀ ਨਾਲ ਼ ਕੁੱਝ ਹਾਸਿਲ ਵੀ ਕਰ ਲੈਣ ਤਾਂ ਉਹ ਲਾ ਹਾਸਿਲ ਹੈ ਕਿਉਂਕਿ ਆਖ਼ਿਰ ਉਨ੍ਹਾਂ ਨੂੰ ਸਖ਼ਤ ਨਾ-ਕਾਮੀ ਦੇਖਣੀ ਪੈਂਦੀ ਹੈ। ਇਸਲਾਮ ਵਿੱਚ ਉਮਦਾ ਲੋਕ ਉਹੀ ਲੰਘੇ ਹਨ ਜਿਨ੍ਹਾਂ ਦੇ ਦੀਨ ਦੇ ਮੁਕ਼ਾਬਲੇ ਵਿੱਚ ਦੁਨੀਆ ਦੀ ਕੁੱਝ **ਪਰਵਾਹ** ਨਹੀਂ ਕੀਤੀ।

ਹਜ਼ੂਰ ਅਨਵਰ ਨੇ ਫ਼ਰਮਾਇਆ ਖ਼ੁਦਾ ਤਆਲਾ ਉੱਤੇ **ਤਵੱਕੁਲ** (ਵਿਸ਼ਵਾਸ) ਨਹੀਂ ਅਤੇ ਦੀਨ ਨੂੰ ਦੁਨੀਆ ਉੱਤੇ ਤਰਜੀਹ ਦੇਣ ਦਾ ਤਸੱਵੁਰ ਨਹੀਂ, ਜਿਹੜਾ ਅਸੀਂ ਹਰ ਅਹਿਦ (ਵਚਨ) ਵਿੱਚ ਦੁਹਰਾਉਂਦੇ ਹਾਂ, ਖ਼ੁੱਦਾਮੁਲ ਅਹਮਦਿੱਯਾ ਦਾ ਇਜਤਿਮਾਅ ਹੈ, ਉਸ ਵਿੱਚ ਵੀ ਦੁਹਰਾਵਾਂਗੇ, ਤਾਂ ਫਿਰ ਇਹ ਅਕ਼ੀਦੇ ਅਤੇ ਈਮਾਨ ਦੀ ਕਮਜ਼ੋਰੀ ਅਜਿਹੇ ਸ਼ਖ਼ਸ ਨੂੰ ਅਗਲੇ ਜਹਾਨ ਦੀਆਂ **ਨਿਅਮਤਾਂ** ਤੋਂ ਵੀ ਵਾਂਝਾ ਰੱਖੇਗੀ। ਇਸ ਦੁਨੀਆ ਨੂੰ ਉਨ੍ਹਾਂ ਨੇ ਸਭ ਕੁੱਝ ਸਮਝਿਆ ਹੈ ਅਤੇ ਉਸ ਨੂੰ ਪਾਉਣ ਦੀ ਕੋਸ਼ਿਸ਼ ਕਰਦੇ ਰਹੇ ਹਨ, ਕੁਝ ਨੂੰ ਮਿਲ ਼ ਗਿਆ, ਕੁੱਝ ਉਸ ਨੂੰ ਪਾਉਣ ਦੀ ਕੋਸ਼ਿਸ਼ ਵਿੱਚ ਇਸ ਜਹਾਨ ਤੋਂ ਰੁਖ਼ਸਤ ਹੋ ਗਏ, ਨਾ-ਕਾਮ ਹੋ ਗਏ ਜਾਂ ਮਿਲਿਆ ਅਤੇ ਉਸ ਦੇ ਬਾਅਦ **ਖੁੱਸ** ਗਿਆ ਅਤੇ ਫਿਰ ਦੁਨਿਆਵੀ ਤੌਰ ‘ਤੇ

**ਅਜ਼ਾਬ** ਵਿੱਚ ਉਨ੍ਹਾਂ ਨੇ ਜ਼ਿੰਦਗੀ ਗੁਜ਼ਾਰੀ। ਨਾ ਦੀਨ ਦੇ ਰਹੇ, ਨਾ ਦੁਨੀਆ ਦੇ ਰਹੇ। ਇਸ ਬਾਰੇ ਇੱਕ ਸ਼ਾਇਰ ਨੇ ਇਹ ਕਿਹਾ ਹੈ:

ਨਾ ਖ਼ੁਦਾ ਹੀ ਮਿਲਾ ਨਾ ਵਿਸਾਲਿ ਸਨਮ

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਅੱਲਾਹ ਤਆਲਾ ਨੇ ਹਜ਼ਰਤ ਅਕ਼ਦਸ ਮਸੀਹ੍ ਮੌਊਦ੍ ਅਲੈਹਿਸ੍ ਸਲਾਮ੍ ਦਾ ਨਾਮ ਖ਼ੁਦ **ਮੁਤਵੱਕਿਲ** (ਅੱਲਾਹ ਤਆਲਾ ਉੱਤੇ ਭਰੋਸਾ ਅਤੇ ਵਿਸ਼ਵਾਸ ਕਰਨ ਵਾਲ਼ਾ) ਰੱਖਿਆ ਹੈ। ਚੁਨਾਂਚਿ ਆਪ عليه السلام ਫ਼ਰਮਾਉਂਦੇ ਹਨ: ਮਸੀਹ ਦੇ ਉੱਤਰਨ ਦੀ ਨਿਸ਼ਾਨੀ ਇਹ ਲਿਖੀ ਹੈ ਕਿ ਦੋ ਫ਼ਰਿਸ਼ਤਿਆਂ ਦੇ ਪਰਾਂ ਉੱਤੇ ਉਸ ਨੇ ਆਪਣੀਆਂ ਹਥੇਲੀਆਂ ਰੱਖੀਆਂ ਹੋਈਆਂ ਹੋਣਗੀਆਂ। ਇਹ ਇਸ ਗੱਲ ਵੱਲ ਇਸ਼ਾਰਾ ਹੈ ਕਿ ਉਸ ਦਾ ਸੱਜਾ ਅਤੇ ਖੱਬਾ ਹੱਥ ਜਿਹੜਾ ਅਕ਼ਲੀ ਇਲਮ ਹਾਸਿਲ ਕਰਨ ਅਤੇ ਅੰਦਰੂਨੀ ਰੌਸ਼ਨੀ ਦਾ ਜ਼ਰੀਆ ਹੈ ਅਸਮਾਨੀ **ਮੁਅੱਕਿਲਾਂ**, ਜਿਨ੍ਹਾਂ ਦੇ ਸਪੁਰਦ ਕੰਮ ਕੀਤਾ ਜਾਵੇ ਯਾਨੀ ਮੁਰਾਦ ਫ਼ਰਿਸ਼ਤੇ ਹਨ, ਉਨ੍ਹਾਂ ਦੇ ਸਹਾਰੇ ਉੱਤੇ ਹੋਵੇਗਾ। ਅਕ਼ਲ ਦੇ ਇਲਮ ਜਿਹੜੇ ਹਨ, ਜਿਹੜੇ ਅੰਦਰੂਨੀ ਨੂਰ ਹਨ, ਜਿਹੜੀਆਂ **ਮਅਰਿਫ਼ਤ** ਦੀਆਂ ਗੱਲਾਂ ਹਨ, ਦੀਨ ਦੀਆਂ ਗੱਲਾਂ ਹਨ ਉਹ ਫ਼ਰਿਸ਼ਤਿਆਂ ਦੀ ਮਦਦ ਨਾਲ਼ ਹੋਣਗੀਆਂ। ਦੋਹਾਂ ਫ਼ਰਿਸ਼ਤਿਆਂ ਦੇ ਪਰਾਂ ਉੱਤੇ ਹੱਥ ਰੱਖਣ ਦਾ ਇਹ ਮਤਲਬ ਹੈ। ਉਹ ਲਾਇਬ੍ਰੇਰੀਆਂ ਅਤੇ ਕਿਤਾਬਾਂ ਅਤੇ ਸ਼ੈਖ਼ਾਂ ਕੋਲ਼ੋਂ ਨਹੀਂ ਬਲਕਿ ਖ਼ੁਦਾ ਤਆਲਾ ਕੋਲ਼ੋਂ **ਇਲਮਿ ਲਦੁੱਨੀ** ਪਾਵੇਗਾ ਯਾਨੀ ਉਹ ਗਿਆਨ ਪ੍ਰਾਪਤ ਕਰੇਗਾ ਜਿਹੜਾ ਖ਼ਾਲਿਸ ਤੌਰ 'ਤੇ ਖ਼ੁਦਾ ਤਆਲਾ ਸਿਖਾਵੇਗਾ ਅਤੇ ਉਸ ਦੀਆਂ ਲੋੜਾਂ ਦਾ ਵੀ ਖ਼ੁਦਾ ਹੀ ਵਾਲੀ ਹੋਵੇਗਾ ਜਿਵੇਂ ਕਿ ਦਸ ਸਾਲ ਦੇ ਅਰਸੇ ਤੋਂ ਆਪ عليه السلام ਨੇ ਫ਼ਰਮਾਇਆ ਕਿ ਇਸ ਦਾਸ ਦੇ ਬਾਰੇ ਇਹ ਇਲਹਾਮ ਛਪ ਚੁੱਕਿਆ ਹੈ ਕਿ إِنَّكَ بِأَعْيُنِنَا سَمَّيْتُكَ الْمُتَوَكِّلَ وَعَلَّمْنٰهُ مِنْ لَّدُنَّا عِلْمًا ਯਾਨੀ ਤੂੰ ਸਾਡੀਆਂ ਅੱਖਾਂ ਦੇ ਸਾਹਮਣੇ ਹੈਂ। ਅਸੀਂ ਤੇਰਾ ਨਾਮ **ਮੁਤਵੱਕਿਲ** (ਅੱਲਾਹ ਤਆਲਾ ਉੱਤੇ ਭਰੋਸਾ ਅਤੇ ਵਿਸ਼ਵਾਸ ਕਰਨ ਵਾਲ਼ਾ) ਰੱਖਿਆ ਹੈ ਅਤੇ ਆਪਣੇ ਵੱਲੋਂ ਇਲਮ ਸਿਖਾਇਆ ਹੈ।

ਦੁਆ ਅਤੇ **ਤਵੱਕੁਲ** (ਵਿਸ਼ਵਾਸ) ਦੇ ਬਾਰੇ ਆਪ عليه السلام ਨੇ ਫ਼ਰਮਾਇਆ ਕਿ ਸਾਰੇ ਗੁੰਝਲ਼ ਦੁਆ ਨਾਲ਼ ਹੀ ਖੁੱਲ੍ਹਦੇ ਹਨ। ਸਾਡੇ ਹੱਥ ਵਿੱਚ ਵੀ ਜੇਕਰ ਕਿਸੇ ਦੀ ਖ਼ੈਰ ਖ਼ਾਹੀ ਹੈ ਤਾਂ ਕੀ ਹੈ, ਸਿਰਫ਼ ਇੱਕ ਦੁਆ ਦਾ ਸੰਦ ਹੀ ਹੈ ਜਿਹੜਾ ਖ਼ੁਦਾ ਨੇ ਸਾਨੂੰ ਦਿੱਤਾ ਹੈ, ਕੀ ਦੋਸਤ ਦੇ ਲਈ ਅਤੇ ਕੀ ਦੁਸ਼ਮਣ ਦੇ ਲਈ। ਅਸੀਂ ਕਾਲ਼ੇ ਨੂੰ ਚਿੱਟਾ ਅਤੇ ਚਿੱਟਾ ਨੂੰ ਕਾਲ਼ਾ ਨਹੀਂ ਕਰ ਸਕਦੇ। ਸਾਡੇ ਵੱਸ ਵਿੱਚ ਇੱਕ ਕਣ ਵੀ ਨਹੀਂ ਹੈ ਪਰ ਜਿਹੜਾ ਖ਼ੁਦਾ ਸਾਨੂੰ ਆਪਣੇ ਫ਼ਜ਼ਲ ਨਾਲ਼ ਅਦਾ ਕਰ ਦੇਵੇ।

ਦੁਆਵਾਂ ਦੇ ਵੱਲ ਤਵੱਜੋ ਦਵਾਉਂਦੇ ਹੋਏ ਅਤੇ ਅੱਲਾਹ ਤਆਲਾ 'ਤੇ **ਤਵੱਕੁਲ** (ਵਿਸ਼ਵਾਸ) ਪੈਦਾ ਕਰਨ ਦੀ ਨਸੀਹਤ ਕਰਦੇ ਹੋਏ ਆਪ عليه السلام ਫ਼ਰਮਾਉਂਦੇ ਹਨ ਕਿ ਆਪਣੇ ਸੁਧਾਰ ਦੇ ਲਈ, ਅੰਜਾਮ ਬ-ਖ਼ੈਰ ਹੋਣ ਦੇ ਲਈ, ਨੇਕੀਆਂ ਦੀ ਤੌਫ਼ੀਕ਼ ਪਾਉਣ ਦੇ ਵਾਸਤੇ ਦੂਸਰਾ ਪਹਿਲੂ ਦੁਆ ਦਾ ਹੈ। ਇਸ ਵਿੱਚ ਜਿਸ ਕ਼ਦਰ **ਤਵੱਕੁਲ** (ਵਿਸ਼ਵਾਸ) ਅਤੇ ਯਕ਼ੀਨ ਅੱਲਾਹ ਤਆਲਾ 'ਤੇ ਕੀਤਾ ਜਾਵੇਗਾ ਅਤੇ ਉਸ ਰਾਹ ਵਿੱਚ ਨਾ ਥੱਕਣ ਵਾਲ਼ਾ ਕ਼ਦਮ ਰੱਖਿਆ ਜਾਵੇਗਾ ਉਸੇ ਕ਼ਦਰ ਵਧੀਆ ਨਤੀਜੇ ਅਤੇ ਫਲ ਮਿਲ਼ਣਗੇ। ਸਾਰੀਆਂ ਮੁਸ਼ਕਿਲਾਂ ਦੂਰ ਹੋ ਜਾਣਗੀਆਂ ਅਤੇ ਦੁਆ ਕਰਨ ਵਾਲ਼ਾ ਤਕ਼ਵਾ ਦੇ ਉੱਚੇ ਮਹਿਲ 'ਤੇ ਪਹੁੰਚ ਜਾਵੇਗਾ।

ਆਪ عليه السلام ਦੇ **ਤਵੱਕੁਲ** (ਵਿਸ਼ਵਾਸ) ਦੇ ਪਹਿਲੂ ਨੂੰ ਬਿਆਨ ਕਰਦੇ ਹੋਏ ਆਪ عليه السلام ਦੇ ਸੀਰਤ ਨਿਗਾਰ ਹਜ਼ਰਤ ਸ਼ੇਖ਼ ਯਅਕ਼ੂਬ ਅਲੀ ਇਰਫ਼ਾਨੀ ਰਜ਼ਿਯੱਲਾਹੁ ਅਨਹੁ ਲਿਖਦੇ ਹਨ ਕਿ ਬਾਵਜੂਦ ਇਸ ਦੇ ਕੇ ਆਪ عليه السلام ਮੁਕ਼ੱਦਮਿਆਂ ਦੀ ਤਿਆਰੀ ਵਿੱਚ ਪੂਰੀ ਮਿਹਨਤ ਅਤੇ ਕੋਸ਼ਿਸ਼ ਕਰਦੇ ਸਨ ਪਰ ਉਨ੍ਹਾਂ ਸਾਧਨਾ 'ਤੇ ਆਪ عليه السلام ਕਦੀ ਭਰੋਸਾ ਨਹੀਂ ਕਰਦੇ ਸਨ ਬਲਕਿ ਦੁਆਵਾਂ ਤੋਂ ਕੰਮ ਲੈਂਦੇ ਸਨ ਅਤੇ ਹਰ ਵੇਲੇ ਖ਼ੁਦਾ ਤਆਲਾ ਦੀ ਜ਼ਾਤ ਆਪ عليه السلام ਦੇ **ਮੱਦਿ ਨਜ਼ਰ** ਰਹਿੰਦੀ ਸੀ। ਉਹੀ ਪੂਜਣ ਯੋਗ ਅਤੇ ਉਹੀ ਮਕ਼ਸਦ ਸੀ ਅਤੇ ਉਸੇ 'ਤੇ **ਤਵੱਕੁਲ** (ਵਿਸ਼ਵਾਸ) ਅਤੇ ਭਰੋਸਾ ਹੁੰਦਾ ਸੀ।

ਇੱਕ ਨਸੀਹਤ ਜਿਹੜੀ ਆਪਣੇ ਇੱਕ ਮੁਖ਼ਲਿਸ ਨੂੰ ਆਪ عليه السلام ਨੇ ਕੀਤੀ ਉਸ ਦਾ ਜ਼ਿਕਰ ਕਰਦੇ ਹੋਏ ਹਜ਼ਰਤ ਸਾਹਿਬਜ਼ਾਦਾ ਮਿਰਜ਼ਾ ਬਸ਼ੀਰ ਅਹਮਦ ਰਜ਼ਿਯੱਲਾਹੁ ਅਨਹੁ ਇੱਕ ਰਿਵਾਇਤ ਵਿੱਚ ਲਿਖਦੇ ਹਨ ਕਿ ਹਾਫਿਜ਼ ਨੂਰ ਮੁਹੰਮਦ ਰਜ਼ਿਯੱਲਾਹੁ ਅਨਹੁ ਫ਼ੈਜ਼ੁੱਲਾਹਲਾ ਚੱਕ ਦੇ ਰਹਿਣ ਵਾਲਿਆਂ ਨੇ ਮੈਨੂੰ ਲਿਖਤ ਵਿੱਚ ਦੱਸਿਆ ਕਿ ਹਾਫ਼ਿਜ਼ ਹਾਮਿਦ ਅਲੀ ਰਜ਼ਿਯੱਲਾਹੁ ਅਨਹੁ ਕੋਲ਼ੋਂ ਮੈਂ ਇਹ ਹਵਾਲਾ ਸੁਣਿਆ ਸੀ ਕਿ ਹਜ਼ਰਤ ਅਕ਼ਦਸ ਮਸੀਹ੍ ਮੌਊਦ੍ ਅਲੈਹਿਸ੍ ਸਲਾਮ੍ ਨੇ

ਫ਼ਰਮਾਇਆ ਕਿ ਜੇਕਰ ਕਿਸੇ ਮੁਕ਼ੱਦਮੇ ਜਾਂ ਹੋਰ ਕਿਸੇ ਤਰ੍ਹਾਂ ਹਾਕਿਮ ਦੇ ਸਾਹਮਣੇ ਜਾਣਾ ਹੋਵੇ ਤਾਂ ਜਾਣ ਤੋਂ ਪਹਿਲਾਂ ਸੱਤ ਵਾਰ ਸੂਰਤੁਲ **ਫ਼ਾਤਿਹ੍ਹ** ਪੜ ਲੈਣੀ ਚਾਹੀਦੀ ਹੈ ਅਤੇ ਸੱਤ ਵਾਰ ਆਪਣੀ ਉਂਗਲੀ ਨਾਲ਼ ਆਪਣੇ ਮੱਥੇ ‘ਤੇ **ਯਾ ਅਜ਼ੀਜ਼ੁ** ਲਿਖ ਲੈਣਾ ਚਾਹੀਦਾ ਹੈ ਇਸ ਤਰ੍ਹਾਂ ਅੱਲਾਹ ਤਆਲਾ ਕਾਮਯਾਬੀ ਦਿੰਦਾ ਹੈ।

ਹਜ਼ਰਤ ਸਾਹਿਬਜ਼ਾਦਾ ਮਿਰਜ਼ਾ ਬਸ਼ੀਰ ਅਹਮਦ ਰਜ਼ਿਯੱਲਾਹੁ ਅਨਹੁ ਇਸ ‘ਤੇ ਟਿੱਪਣੀ ਕਰਦੇ ਹੋਏ ਲਿਖਦੇ ਹਨ ਕਿ ਤਕ਼ਰੀਬਨ **ਇਸਤਿਗ਼ਨਾ ਅਨ ਗ਼ੈਰੁੱਲਾਹ** (استغنا عن غیر اللہ) ਯਾਨੀ ਅੱਲਾਹ ਤਾਲਾ ਤੋਂ ਇਲਾਵਾ ਬਾਕ਼ੀਆਂ ਤੋਂ ਬੇ-ਪਰਵਾਹ ਹੋਣ ਅਤੇ ਅੱਲਾਹ ਤਆਲਾ ‘ਤੇ **ਤਵੱਕੁਲ** (ਵਿਸ਼ਵਾਸ) ਦੀ ਹਾਲਤ ਨੂੰ ਪੈਦਾ ਕਰਨ ਦੇ ਲਈ ਆਪ ؑ ਨੇ ਇਹ ਫ਼ਰਮਾਇਆ ਸੀ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ **ਤਵੱਕੁਲ ਅਲੱਲਾਹ** ਦੀ ਅਜੀਬ ਸ਼ਾਨ ਹੈ ਜਿਹੜਾ ਸਾਨੂੰ ਆਪ ؑ ਵਿੱਚ ਆਪਣੇ ਆਕ਼ਾ ﷺ ਦੀ ਪੈਰਵੀ ਵਿੱਚ ਹਰ ਜਗ੍ਹਾ ਨਜ਼ਰ ਆਉਂਦਾ ਹੈ। ਅੱਲਾਹ ਤਆਲਾ ਸਾਨੂੰ ਵੀ **ਤਵੱਕੁਲ** (ਵਿਸ਼ਵਾਸ) ਦੇ ਉੱਚੇ ਮਿਆਰ ਹਾਸਿਲ ਕਰਨ ਦੀ ਤੌਫ਼ੀਕ਼ ਅਤਾ ਫ਼ਰਮਾਵੇ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهُ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞